# ਸੰਸਥਾ ਦੀਆਂ ਪ੍ਰਾਪਤੀਆਂ

ਫਰਵਰੀ-੧੯੮੩ ਤੋਂ ਸ਼ੁਰੂ ਕਰਕੇ, "ਗੁਰਬਾਣੀ ਇਸੁ ਜਗ ਮਹਿ ਚਾਨਣੁ" ਸੰਸਥਾ ਦਾ ੪੦ ਸਾਲ ਦਾ ਸਮਾਂ, ਅਨੇਕ ਪ੍ਰਾਪਤੀਆਂ ਦਾ ਸਮਾਂ ਰਿਹਾ ਹੈ, ਜਿਸ ਦੇ ਕੁਝ ਮੁੱਖ ਅੰਸ਼ ਪਾਠਕਾਂ ਦੀ ਜਾਣਕਾਰੀ ਲਈ ਹੇਠ ਲਿਖੇ ਅਨੁਸਾਰ ਹਨ :

**ਮਾਸਿਕ ਪੱਤ੍ਰਿਕਾ ਦੁਆਰਾ ਗੁਰਮਤਿ ਦਾ ਪ੍ਰਚਾਰ ਪ੍ਰਸਾਰ :** ਸਭ ਤੋਂ ਉੱਤਮ ਉਦੇਸ਼ "**ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥**" ਨੂੰ ਧਿਆਨ ਵਿੱਚ ਰੱਖਦੇ ਹੋਏ, ਮਹੀਨਾ ਵਾਰੀ ਪੱਤ੍ਰਿਕਾ "**ਗੁਰਬਾਣੀ ਚਾਨਣੁ**", ਸੰਸਥਾ ਦੇ ਮੁਖੀ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ ਦੀ ਅਗਵਾਈ ਹੇਠ, ਸਭ ਸਹਿਯੋਗੀਆਂ ਦੀ ਅਣਥੱਕ ਮਿਹਨਤ ਅਤੇ ਲਗਨ ਨਾਲ, ਸੰਗਤਾਂ ਵਿੱਚ ਹਰਮਨ ਪਿਆਰੀ ਬਣੀ। ਪੱਤ੍ਰਿਕਾ ੪੦ ਸਾਲ ਤੋਂ, ਬਿਨਾ ਕਿਸੇ ਰੁਕਾਵਟ ਦੇ, ਦੇਸ਼ ਵਿਦੇਸ਼ ਵਿੱਚ, ਹੱਥੀਂ - ਵੰਡ ਨਿਸ਼ਕਾਮ ਸੇਵਾਦਾਰਾਂ ਰਾਹੀਂ ਅਤੇ ਡਾਕ ਰਾਹੀਂ, ਪਹੁੰਚ ਰਹੀ ਹੈ। ਗੁਰਬਾਣੀ ਦੀ ਓਟ ਵਿੱਚ, ਗੁਰਮਤਿ ਦੇ ਅਨੇਕ ਪੱਖ ਵਿਚਾਰ ਗੋਚਰੇ ਕੀਤੇ ਜਾਂਦੇ ਹਨ ਤਾਂ ਕਿ ਪਾਠਕ ਆਪਣੇ ਸੰਸੇ ਦੂਰ ਕਰਕੇ ਗੁਰੂ ਵਾਲੇ ਬਣਨ ਅਤੇ ਗੁਰਮਤਿ ਦੀ ਕਮਾਈ ਕਰਨ।

ਸੇਵਾ/ਸਿਮਰਨ ਦੇ ਉਦੇਸ਼ ਨੂੰ ਵੀਚਾਰ ਕੇ ਸੰਸਥਾ ਦੀ ਪੱਤ੍ਰਿਕਾ ਦੀ ਛਪਵਾਈ ਤੋਂ ਬਾਅਦ ਪੱਤ੍ਰਿਕਾ ਦੀ ਸਾਰੀ ਤਿਆਰੀ ਗੁਰਮੁਖ ਪਿਆਰੇ ਨਿਸ਼ਕਾਮ ਸੇਵਾ ਦੇ ਰੂਪ ਵਿੱਚ ਸੰਸਥਾ ਦੇ ਭਵਨ ਵਿੱਚ ਬੈਠ ਕੇ ਕਰਦੇ ਹਨ। ਕੁਝ ਪੱਤ੍ਰਿਕਾ ਦੀਆਂ ਕਾਪੀਆਂ ਹੱਥੀ ਵੰਡ ਸੇਵਾਦਾਰਾਂ ਲਈ ਅਲੱਗ ਕਰਕੇ, ਬਾਕੀ ਸਭ ਉੱਤੇ ਪੇਪਰ ਦੀ ਪੈਕਿੰਗ ਅਤੇ ਡਾਕ-ਟਿਕਟ ਲਗਾ ਕੇ ਪਿੰਡਾਂ ਅਤੇ ਸ਼ਹਿਰਾਂ ਦੇ ਪਤੇ ਤੇ ਭੇਜੀਆਂ ਜਾਦੀਆਂ ਹਨ। ਮੋਹਾਲੀ, ਪੰਚਕੂਲਾ ਅਤੇ ਚੰਡੀਗੜ੍ਹ ਦੇ ਹੱਥੀਂ ਵੰਡ ਪੱਤ੍ਰਿਕਾ ਦੀਆਂ ਕਾਪੀਆਂ, ਗੁਰਮੁੱਖ ਪਿਆਰੇ ਸੰਸਥਾ ਦੇ ਭਵਨ ਤੋਂ ਆ ਕੇ ਲੈ ਜਾਂਦੇ ਹਨ ਅਤੇ ਦੂਸਰੇ ਸ਼ਹਿਰਾਂ ਵਿੱਚ ਵੀ ਹੱਥੀ ਵੰਡ ਸਹਿਯੋਗੀਆਂ ਨੂੰ ਬੰਡਲ ਦੇ ਰੂਪ ਵਿੱਚ ਡਾਕ ਰਾਹੀਂ ਭੇਜੇ ਜਾਂਦੇ ਹਨ।

**ਸੰਸਥਾ ਦਾ ਆਪਣਾ ਭਵਨ : ਭਵਨ ਨੰ: ੬, ਫੇਜ ੩-ਏ, ਐਸ.ਏ.ਐਸ ਨਗਰ** : ੧੧-੦੯- ੧੯੯੭ ਨੂੰ ਪੁੱਡਾ ਵੱਲੋਂ ਸੰਸਥਾਵਾਂ ਨੂੰ ਪਲਾਟ ਦੇਣ ਲਈ ਅਰਜ਼ੀਆਂ ਮੰਗੀਆਂ ਗਈਆਂ। ਆਮ ਸਹਿਮਤੀ ਨਾਲ ੨੧-੦੯-੧੯੯੭ ਨੂੰ ਕਾਰਜਕਾਰੀ ਮੈਬਰਾਂ ਦੀ ਮੀਟਿੰਗ ਬੁਲਾਈ ਗਈ। ਜਿਸ ਵਿੱਚ ਇਹ ਫੈਸਲਾ ਕੀਤਾ ਗਿਆ ਕਿ

ਸੰਸਥਾ ਦੇ ਭਵਨ ਲਈ ਪੁੱਡਾ ਕੋਲੋ ਜਮੀਨ ਲੈਣ ਲਈ ਪ੍ਰੋਜੈਕਟ ਪੁੱਡਾ ਦਫ਼ਤਰ ਵਿੱਚ ਦਿੱਤਾ ਜਾਵੇ। ਪੁੱਡਾ ਨੇ ੦੨-੦੮-੧੯੯੯ ਨੂੰ ਸੰਸਥਾ ਨੂੰ ੫੨੦ ਗਜ ਦਾ ਪਲਾਟ ਦੇਣ ਲਈ ੬,੪੪,੮੦੦/- ਦਾ ੨੫% ਭਾਵ ੧,੫੫,੦੦੦/- ਜਮਾਂ ਕਰਾਉਣ ਲਈ ਕਿਹਾ। ਦੂਜੀ ਵਾਰ ੪,੨੫,੩੨੦ ਰੁਪਏ ਜਮਾਂ ਕਰਾਏ ਗਏ ਅਤੇ ਇਸ ਤਰ੍ਹਾਂ ਪਲਾਟ ਮਨਜ਼ੂਰ ਕਰਨ ਪਿੱਛੋ ਮਿਤੀ ੪-੧੦-੧੯੯੯ ਨੂੰ ਕਬਜ਼ਾ ਦੇ ਦਿੱਤਾ ਗਿਆ ਅਤੇ ਨਿਸ਼ਾਨਦੇਹੀ ਵੀ ੦੩-੦੪-੨੦੦੦ ਨੂੰ ਕਰ ਦਿੱਤੀ।

੩੦-੦੮-੨੦੦੧ ਨੂੰ ਪਲਾਟ ਤੇ ਭਵਨ ਉਸਾਰੀ ਲਈ, ਨਕਸ਼ਾ ਪਾਸ ਕਰਵਾ ਲਿਆ ਗਿਆ ਅਤੇ ੧੩-੧੧-੨੦੦੧ ਨੂੰ, ਸਾਲਾਨਾ ਸਮਾਗਮ ਦੇ ਸਮੇਂ , ਪੰਜ ਪਿਆਰਿਆਂ ਕੋਲੋਂ, ਸੰਸਥਾ ਦੇ ਭਵਨ ਦੀ ਉਸਾਰੀ ਲਈ, ਟੱਕ ਲਗਵਾਇਆ ਗਿਆ। ਇਸ ਮੁਤਾਬਿਕ, ੧੧-੦੨-੨੦੦੨ ਨੂੰ ਅਰਦਾਸ ਕਰਨ ਉਪਰੰਤ,ਨੀਂਹਾਂ ਦੀ ਖੁਦਾਈ ਅਰੰਭ ਹੋਈ ਅਤੇ ਸੰਗਤਾਂ ਦੇ ਉਤਸ਼ਾਹ ਦਾ ਸਦਕਾ ਬੇਸਮੈਂਟ ਦੀ ਉਸਾਰੀ ਮੁਕੰਮਲ ਹੋਣ ਤੇ ੦੮-੦੪-੨੦੦੪ ਨੂੰ ਸੰਸਥਾ ਦਾ ਸਾਰਾ ਕੰਮ ਕੋਠੀ ਨੰ: ੨੫੪/ਫੇਜ-੨ ਤੋਂ ਸੰਸਥਾ ਦੇ ਆਪਣੇ ਭਵਨ ਵਿੱਚ ਤਬਦੀਲ ਕਰ ਦਿੱਤਾ ਗਿਆ। ਸਮੇਂ ਸਮੇਂ ਸੰਸਥਾ ਦੀ ਉਸਾਰੀ ਵਿੱਚ ਵਾਧਾ ਹੁੰਦਾ ਰਿਹਾ ਹੈ। ਭਵਨ ਦੀ ਉਸਾਰੀ ਵਿੱਚ ਸੰਸਥਾ ਦੇ ਹੋਰ ਮੈਬਰਾਂ ਤੋਂ ਇਲਾਵਾ ਇੰਜੀਨੀਅਰ ਸ: ਜਗਦੀਸ਼ ਸਿੰਘ ਜੀ, ਸਵਰਗੀ ਇੰਜੀਨੀਅਰ ਕਿਰਪਾਲ ਸਿੰਘ ਅਤੇ ਸਵਰਗੀ ਇੰਜੀਨੀਅਰ ਮਲਕੀਤ ਸਿੰਘ ਨੇ ਤਕਨੀਕੀ ਤੌਰ ਤੇ ਬਿਲਡਿੰਗ ਦੀ ਉਸਾਰੀ ਦੀ ਨਿਗਰਾਨੀ ਵਿੱਚ ਆਪਣਾ ਵਿਸ਼ੇਸ਼ ਯੋਗਦਾਨ ਪਾਇਆ। ਭਵਨ ਦੇ ਨਿਰਮਾਣ ਵਿੱਚ, ਸ. ਸਰਦਾਰਾ ਸਿੰਘ ਦੇ ਪਰਿਵਾਰਿਕ ਮੈਬਰਾਂ, ਨਜਦੀਕੀ ਰਿਸ਼ਤੇਦਾਰਾਂ ਅਤੇ ਹੋਰ ਸਹਿਯੋਗੀ ਸੰਗਤਾਂ ਨੇ ਅਹਿਮ ਯੋਗਦਾਨ ਪਾਇਆ ਜੋ ਅੱਜ ਤੱਕ ਨਿਰੰਤਰ ਜਾਰੀ ਹੈ।

ਸਭ ਤੋਂ ਮੁੱਖ ਗੱਲ ਜੋ ਸੰਗਤਾਂ ਦੀ ਜਾਣਕਾਰੀ ਲਈ ਜਾਨਣੀ ਜ਼ਰੂਰੀ ਹੈ ਉਹ ਇਹ ਹੈ ਕਿ ਸੰਸਥਾ ਦਾ ਆਪਣਾ ਭਵਨ ਬਣਾਉਣ ਵਿੱਚ ਨਾ ਤਾਂ ਘਰ ਘਰ ਜਾ ਕੇ ਉਗਰਾਹੀ ਕੀਤੀ ਗਈ, ਨਾ ਕਿਸੇ ਰਾਜ ਨੇਤਾ/ਮੰਤਰੀ ਨੂੰ ਪੈਸੇ ਇਕੱਠੇ ਕਰਨ ਹਿੱਤ ਮਹੂਰਤ ਤੇ ਬੁਲਾਇਆ ਗਿਆ, ਨਾ ਕਿਸੇ ਅਮੀਰ ਆਦਮੀ ਨੂੰ, ਪੈਸਿਆਂ ਦੀ ਖਾਤਰ, ਸਿਰੋਪੋ ਦੇ ਕੇ ਨਿਵਾਜਿਆ ਗਿਆ। ਕੇਵਲ ਪੱਤ੍ਰਿਕਾ ਵਿੱਚ ਸੰਗਤ ਨੂੰ ਲੋੜ ਅਨੁਸਾਰ ਸਮੇਂ ਸਮੇਂ ਬੇਨਤੀ ਕੀਤੀ ਜਾਂਦੀ ਰਹੀ।

ਇਸੇ ਤਰ੍ਹਾਂ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ ਦੀ ਸਖਸ਼ੀਅਤ, ਲੇਖਣੀਆਂ, ਆਪ ਜੀ ਦੀ ਲਗਨ, ਆਪ ਜੀ ਦਾ ਸੰਪੂਰਨ ਸਮਰਪਣ, ਆਪ ਜੀ ਦੀ ਪ੍ਰਭੂ

ਭਗਤੀ ਆਦਿਕ ਸਭ ਗੁਣ ਪ੍ਰਭੂ ਦੀ ਅਪਾਰ ਬਖਸ਼ਿਸ਼ਾਂ ਦੇ ਪਾਤਰ ਸਨ ਅਤੇ ਮਹਾਨ ਗੁਰਵਾਕ '**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥**' ਸੰਸਥਾ ਦੇ ਕਾਰਜਾਂ ਵਿੱਚ ਭਰਪੂਰ ਪ੍ਰਤੱਖ ਹੋ ਕੇ ਸਹਾਈ ਹੋਇਆ।

**ਸ. ਸਰਦਾਰਾ ਸਿੰਘ ਯਾਦਗਾਰੀ ਗੁਰਮਤਿ ਲਾਇਬ੍ਰੇਰੀ :** ਸੰਸਥਾ ਦਾ ਆਪਣਾ ਭਵਨ ਬਣ ਜਾਣ ਤੋਂ ਬਾਅਦ ੫੦੦੦ ਤੋਂ ਵੱਧ ਪੁਸਤਕਾਂ ਦੀ ਲਾਇਬ੍ਰੇਰੀ ਸਥਾਪਿਤ ਕੀਤੀ ਗਈ। ਜਿਸ ਵਿੱਚ ਧਾਰਮਿਕ, ਇਤਿਹਾਸਿਕ ਅਤੇ ਹੋਰ ਸਾਹਤਿਕ ਪੁਸਤਕਾਂ ਹਨ ਜਿਨ੍ਹਾਂ ਦਾ ਲਾਭ ਗੁਰਮੁਖ ਪਿਆਰੇ ਲੈਂਦੇ ਰਹਿੰਦੇ ਹਨ। ਸ.ਸਰਦਾਰਾ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਪਿੱਛੋਂ, ਲਾਇਬ੍ਰੇਰੀ ਜੋ ਉਨ੍ਹਾਂ ਨੇ ਸਥਾਪਿਤ ਕੀਤੀ ਸੀ, ਦਾ ਨਾਮ, ਭਾਈ ਸਾਹਿਬ ਭਾਈ ਸਰਦਾਰ ਸਿੰਘ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ "ਭਾਈ ਸਾਹਿਬ ਭਾਈ ਸਰਦਾਰਾ ਸਿੰਘ ਯਾਦਗਾਰੀ ਗੁਰਮਤਿ ਲਾਇਬ੍ਰੇਰੀ" ਰੱਖਿਆ ਗਿਆ ਹੈ। ਇਸ ਲਾਇਬ੍ਰੇਰੀ ਵਿੱਚ ਪੁਸਤਕਾਂ ਅਲਮਾਰੀਆਂ ਵਿੱਚ ਇਸ ਤਰ੍ਹਾਂ ਰੱਖੀਆਂ ਹਨ ਕਿ ਪੁਸਤਕਾਂ ਲੋੜ ਪੈਣ ਤੇ ਆਸਾਨੀ ਨਾਲ ਮਿਲ ਜਾਣ। ਨਵੀਆਂ ਪੁਸਤਕਾਂ ਲਗਾਤਾਰ ਜੋੜੀਆਂ ਜਾ ਰਹੀਆਂ ਹਨ। ਪੁਸਤਕਾਂ ਦੀ ਵਰਤੋਂ, ਮੁੱਖ ਤੌਰ ਤੇ ਉਹ ਗੁਰਸਿੱਖ ਕਰਦੇ ਹਨ ਜੋ 'ਗੁਰਬਾਣੀ ਚਾਨਣੁ' ਪੱਤ੍ਰਿਕਾ ਲਈ ਲੇਖ ਲਿਖਦੇ ਹਨ ਅਤੇ ਗੁਰਮਤਿ ਵੀਚਾਰ ਲਈ ਪੁਸਤਕਾਂ ਦਾ ਹਵਾਲਾ ਦੇਣ ਲਈ, ਪੁਸਤਕਾਂ ਦੀ ਵਰਤੋਂ ਕਰਦੇ ਹਨ। ਸੰਗਤ ਵੀ ਇਸ ਲਾਇਬ੍ਰੇਰੀ ਦੀਆਂ ਪੁਸਤਕਾਂ ਦਾ ਲਾਭ ਉਠਾਉਂਦੀ ਹੈ।

**ਸੇਵਾਦਾਰਾਂ ਦੇ ਅਭਿਆਸ ਲਈ ਸਹਿਜ ਪਾਠ ਦੀ ਸਹੂਲਤ** : ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੰਸਥਾ ਦੇ ਭਵਨ ਦੇ ਖੁੱਲੇ ਹਾਲ ਕਮਰੇ ਵਿੱਚ ਕੀਤਾ ਜਾਂਦਾ ਹੈ। ਜਿੱਥੇ ਹਰ ਸਮੇਂ ਸਹਿਜ ਪਾਠ ਕਰਨ ਦੀ ਗੁਰਸਿੱਖ ਸੇਵਾਦਾਰਾਂ ਨੂੰ ਸਹੂਲਤ ਦਿੱਤੀ ਗਈ ਹੈ । ਗੁਰਸਿੱਖ (ਸੇਵਾਦਾਰ) ਦਿਨ ਵਿੱਚ ਵਾਰੋ-ਵਾਰੀ ਸਹਿਜ ਪਾਠ ਦੀ ਸੇਵਾ ਲੈਂਦੇ ਰਹਿੰਦੇ ਹਨ। ਮਹੀਨੇ ਦੇ ਦੂਸਰੇ ਸ਼ਨੀਚਰਵਾਰ ਸਹਿਜ ਪਾਠ ਦਾ ਭੋਗ ਪਾਇਆ ਜਾਂਦਾ ਹੈ। ਸਮਾਗਮ ਵਿੱਚ ਕਥਾ, ਕੀਰਤਨ, ਅਰਦਾਸ ਤੋਂ ਬਾਅਦ ਗੁਰੂ ਦਾ ਲੰਗਰ ਅਤੁੱਟ ਵਰਤਦਾ ਹੈ।

**ਧਾਰਮਿਕ-ਸਾਹਿਤ :** ਪੱਤ੍ਰਿਕਾ ਵਿੱਚ ਸ.ਸਰਦਾਰਾ ਸਿੰਘ ਜੀ ਦਾ, ਸੰਪਾਦਕ ਹੋਣ ਦੇ ਨਾਤੇ ਵੀ, ਹਰ ਮਹੀਨੇ ਇੱਕ ਲੇਖ ਸੰਗਤਾਂ ਦੀ ਭੇਟਾ ਕੀਤਾ ਜਾਂਦਾ ਰਿਹਾ ਹੈ। ਹੁਣ ਵੀ ਸੰਪਾਦਕ ਵੱਲੋਂ ਹਰ ਮਹੀਨੇ ਇੱਕ ਲੇਖ ਪੱਤ੍ਰਿਕਾ ਵਿੱਚ ਛਪਦਾ ਹੈ। ਨਾਲ ਨਾਲ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ ਅਤੇ ਹੋਰ ਗੁਰਮੁੱਖ ਸਹਿਯੋਗੀਆਂ ਵੀ ਪੁਸਤਕਾਂ

ਲਿਖੀਆਂ ਹਨ। ਇਸ ਸਮੇਂ ਸੰਸਥਾ ਵਲੋਂ ਪ੍ਰਕਾਸ਼ਿਤ ੫੦ ਤੋਂ ਵੱਧ ਪੁਸਤਕਾਂ ਸੰਸਥਾ ਵਿੱਚ ਉਪਲਭਦ ਹਨ। ਜਿਨ੍ਹਾਂ ਵਿੱਚ ਸਿੱਖੀ ਦੇ ਅਨੇਕ ਪਹਿਲੂਆਂ ਅਤੇ ਗੁਰ ਇਤਿਹਾਸ ਬਾਰੇ ਲਿਖ ਕੇ ਪਾਠਕਾਂ ਲਈ, ਪਰਮਾਰਥ ਕਮਾਉਣ ਵਾਸਤੇ, ਅਨਮੋਲ ਖਜ਼ਾਨਾ ਸਿਰਜਿਆ ਗਿਆ ਹੈ।

**ਪੁਸਤਕਾਂ ਦੇ ਧਾਰਮਿਕ ਸਥਾਨਾਂ ਤੇ ਸਟਾਲ ਲਗਾਉਣੇ** : ਧਾਰਮਿਕ ਸਾਹਿਤ ਭਾਈ ਸਾਹਿਬ ਸਰਦਾਰਾ ਸਿੰਘ ਜੀ ਅਤੇ ਹੋਰ ਵਿਦਵਾਨਾਂ ਵੱਲੋਂ ਤਿਆਰ ਕੀਤਾ ਗਿਆ ਹੈ ਅਤੇ ਹਰ ਪੁਸਤਕ ਦੀਆਂ ੫੦੦ ਜਾਂ ੧੦੦੦ ਕਾਪੀਆਂ ਛਪਵਾ ਕੇ ਸੰਸਥਾ ਵਿੱਚ ਪੁਸਤਕ ਭੰਡਾਰ ਕਾਇਮ ਕੀਤਾ ਗਿਆ ਹੈ। ਇਹ ਪੁਸਤਕਾਂ ਸੰਗਤਾਂ ਨੂੰ ਲਾਗਤ ਕੀਮਤ ਤੇ ਉਪਲੱਬਧ ਕਰਾਈਆਂ ਜਾਂਦੀਆਂ ਹਨ। ਇਸ ਉੱਦਮ ਦੀ ਪੂਰਤੀ ਲਈ, ਮੁੱਖ ਧਾਰਮਿਕ ਸਥਾਨਾਂ ਤੇ ਜਿਵੇਂ ਕਿ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ, ਅਨੰਦਪੁਰ ਸਾਹਿਬ, ਫਤਹਿਗੜ੍ਹ ਸਾਹਿਬ, ਸ੍ਰੀ ਚਮਕੌਰ ਸਾਹਿਬ, ਗੁਰਦੁਆਰਾ ਨਾਢਾ ਸਾਹਿਬ, ਅੰਬ ਸਾਹਿਬ ਆਦਿਕ ਤੇ ਪੁਸਤਕਾਂ ਦੇ ਸਟਾਲ ਲਗਾਏ ਜਾਂਦੇ ਹਨ।

**ਹਫਤਾਵਾਰੀ, ਮਹੀਨਾਵਾਰੀ ਸਮਾਗਮ :** ਸੰਸਥਾ ਵਿੱਚ ਹਰ ਸਨੀਚਰਵਾਰ ਦਸ ਵਜੇ ਤੋਂ ਬਾਰਾਂ ਵਜੇ ਤੱਕ ਸੰਸਥਾ ਦੇ ਸੇਵਾਦਾਰਾਂ ਦੁਆਰਾ ਕੀਰਤਨ ਕੀਤਾ ਜਾਂਦਾ ਹੈ। ਸਮੇਂ ਸਮੇਂ ਜਾਂ ਗੁਰਪੁਰਬ/ਹੋਰ ਇਤਿਹਾਸਿਕ ਦਿਹਾੜਿਆਂ ਦੇ ਮੌਕੇ ਸੰਸਥਾ ਦੇ ਸੇਵਾਦਾਰਾਂ ਦੁਆਰਾ ਜਾਂ ਉੱਘੇ ਵਿਦਵਾਨ ਬੁਲਾ ਕੇ ਸੈਮੀਨਾਰ ਕਰਵਾਏ ਜਾਂਦੇ ਹਨ। ਜਿਨ੍ਹਾਂ ਵਿੱਚ ਗੁਰਬਾਣੀ ਜਾਂ ਗੁਰ ਇਤਿਹਾਸ ਦੇ ਸੰਬੰਧ ਵਿੱਚ ਵੀਚਾਰਾਂ ਕੀਤੀਆਂ ਜਾਂਦੀਆਂ ਹਨ। ਹਰ ਮਹੀਨੇ ਦੇ ਦੂਸਰੇ ਸ਼ਨੀਚਰਵਾਰ ਨੂੰ ੧੦ ਵਜੇ ਤੋਂ ੧.੩੦ ਵਜੇ ਤੱਕ, ਗੁਰਮਤਿ ਸਮਾਗਮ ਕੀਤਾ ਜਾਂਦਾ ਹੈ ।

ਇਸ ਮੌਕੇ ਜਦੋਂ ਵੀ ਸਮੇਂ ਦੀ ਜ਼ਰੂਰਤ ਹੋਵੇ ਤਾਂ ਕੁਝ ਸੇਵਾਦਾਰਾਂ ਦੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਸੰਸਥਾ ਵੱਲੋਂ ਸਿਰੋਪਾਉ ਦਿੱਤੇ ਜਾਂਦੇ ਹਨ ਜਾਂ ਕੁਝ ਸਮਾਜ ਸੇਵੀ ਜੀਊੜੇ ਦੀਆਂ ਸਮਾਜ ਪ੍ਰਤੀ ਸੇਵਾਵਾਂ ਦਾ ਆਦਰ ਕਰ ਕੇ ਉਸ ਨੂੰ ਸਨਮਾਨਿਤ ਕੀਤਾ ਜਾਂਦਾ ਹੈ।

**ਸ਼ਬਦ ਗੁਰੂ ਸਾਲਾਨਾ ਸਮਾਗਮ** : ਸੰਸਥਾ ਦਾ ਪਹਿਲਾ ਮੁੱਖ ਮੰਤਵ **"ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥"** ਹੈ ਅਤੇ ਇਸ ਦੇ ਅਧਾਰ ਤੇ ''ਸ਼ਬਦ-ਗੁਰੂ ਲੰਗਰ'' ਅਨੁਸਾਰ ਪੱਤ੍ਰਿਕਾ ਬਿਨਾ ਕਿਸੇ ਭੇਟਾ ਦੇ ਸੰਗਤਾਂ ਵਿੱਚ ਵੰਡੀ ਜਾਂਦੀ ਹੈ। ਸ਼ਬਦ ਗੁਰੂ ਸਾਲਾਨਾ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

ਕਰਕੇ ਕੀਤਾ ਜਾਂਦਾ ਹੈ। ਜੋ ਕਿ  ਨਵੰਬਰ ਦੇ ਮਹੀਨੇ ਵਿੱਚ ਕੀਤਾ ਜਾਂਦਾ ਹੈ।

ਸਮਾਗਮ ਜੋ ਆਮ ਤੌਰ ਤੇ ਸਵੇਰੇ ੯.੩੦ ਵਜੇ ਤੋ ਸੰਸਥਾ ਦੇ ਜਥੇ ਦੇ ਕੀਰਤਨ ਨਾਲ ਸ਼ੁਰੂ ਹੁੰਦਾ ਹੈ ਅਤੇ ਉਪਰੰਤ ਉੱਘੇ ਕੀਰਤਨ ਜਥਿਆਂ ਵੱਲੋਂ ਕੀਰਤਨ, ਕਥਾ, ਢਾਡੀ-ਵਾਰਾਂ ਦਾ ਰੰਗ ਬੱਝਦਾ ਹੈ। ਅੰਤ ਵਿੱਚ ਸੇਵਾਦਾਰਾਂ ਨੂੰ ਸਿਰੋਪਾਉ ਅਤੇ ਅਰਦਾਸ ਦੇ ਬਾਅਦ ਲਗਭਗ ੩.੦੦ ਵਜੇ ਸਮਾਪਤੀ ਕੀਤੀ ਜਾਂਦੀ ਹੈ। ਇਸ ਪ੍ਰੋਗਰਾਮ ਦੇ ਦੌਰਾਨ ਸਮਾਜ ਧਾਰਮਿਕ ਸੇਵਾ ਵਿੱਚ ਜੁੜੇ ਕੁਝ ਚੋਣਵੇ ਵਿਅਕਤੀਆਂ ਨੂੰ ਵੀ ਸਨਮਾਨਿਤ ਕੀਤਾ ਜਾਂਦਾ ਹੈ।

## *ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ ਦੀ ਯਾਦ ਵਿੱਚ ਸੰਸਥਾ ਦਾ ਸਾਲਾਨਾ ਸਮਾਗਮ

ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ ਜ਼ਿੰਦਗੀ ਭਰ ਨਾਮ ਦੀ ਕਮਾਈ ਅਤੇ ਸੇਵਾ ਵਿੱਚ ਜੁੱਟੇ ਰਹੇ। ਆਪ ਸੰਗਤਾਂ ਲਈ ਗੁਰਮਤਿ ਪ੍ਰਚਾਰ ਲਈ ਸੁੰਦਰ ਸਥਾਨ ਬਣਾ ਕੇ, ਗੁਰਬਾਣੀ ਤੇ ਆਧਾਰਿਤ ਸੁਖੈਨ ਧਾਰਮਿਕ ਸਾਹਿਤ ਦੀ ਰਚਨਾ ਕਰ ਕੇ ਅਤੇ ਨਾਮ ਕਮਾਈ ਦਾ ਖਜ਼ਾਨਾ ਇਕੱਠਾ ਕਰਕੇ, ੨੦੧੭ ਵਿੱਚ ਅਕਾਲ ਪੁਰਖ ਦੇ ਦੇਸ ਜਾ ਬਿਰਾਜੇ। ਆਪ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਕਰ ਕੇ ਸੰਸਥਾ ਵੱਲੋਂ ਇੱਕ ਸਾਲਾਨਾ ਸਮਾਗਮ ਕੀਤਾ ਜਾਂਦਾ ਹੈ। ਇਸ ਨੂੰ ਭਾਈ ਸਾਹਿਬ ਦੇ ਜਨਮ ਦਿਵਸ ਅਤੇ ਸੰਸਥਾ ਦੇ ਹੋਂਦ ਵਿੱਚ ਆਉਣ ਦੇ ਦਿਵਸ ਨੂੰ ਸਮਰਪਿਤ ਕਰ ਕੇ ਹਰ ਸਾਲ ਫ਼ਰਵਰੀ ਦੇ ਮਹੀਨੇ ਸੰਸਥਾ ਦੇ ਭਵਨ ਵਿੱਚ ਕੀਤਾ ਜਾਂਦਾ ਹੈ। ਕਥਾ ਕੀਰਤਨ ਦੇ ਰੰਗ ਬੱਝਦੇ ਹਨ ਉੱਘੀਆਂ ਅਧਿਆਤਮਿਕ ਸਖਸੀਅਤਾਂ ਨੂੰ ਅਤੇ ਸਮਰਪਿਤ ਸੇਵਾਦਾਰਾਂ ਨੂੰ ਸਿਰੋਪਾਉ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਗੁਰੂ ਦਾ ਲੰਗਰ ਅਤੁੱਟ ਵਰਤਦਾ ਹੈ।

**ਬੱਚਿਆਂ ਲਈ ਗੁਰਮਤਿ ਕੈਪ** : ਸਮੇਂ ਸਮੇਂ ਸੰਸਥਾ ਨੇ ਕਈ ਤਰ੍ਹਾਂ ਦੇ ਪ੍ਰੋਗਰਾਮ ਬੱਚਿਆਂ ਲਈ ਉਲੀਕੇ ਅਤੇ ਬੜੇ ਸੁਚੱਜੇ ਢੰਗ ਨਾਲ ਪੂਰਨ ਕੀਤੇ ਹਨ ਜਿਵੇਂ ਕਿ :

ਸੰਸਥਾ, ਬੱਚਿਆਂ ਦੀਆਂ ਜੂਨ ਜੁਲਾਈ ਦੀਆਂ ਛੁੱਟੀਆਂ ਦੌਰਾਨ, ਗੁਰਮਤਿ ਕੈਂਪ ਲਗਾਉਂਦੀ ਰਹੀ ਹੈ। ਜਿਸ ਵਿੱਚ ਬੱਚਿਆਂ ਨੂੰ ਸਿੱਖ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਬੱਚਿਆਂ ਦੀ ਉਮਰ ਅਤੇ ਸਮਝਣ ਦੀ ਸ਼ਕਤੀ ਅਨੁਸਾਰ ਗੁਰਬਾਣੀ ਬਾਰੇ ਸਮਝਾਇਆ ਜਾਂਦਾ ਹੈ। ਜਿਵੇ ਕਿ ਮੂਲ ਮੰਤਰ ਯਾਦ ਕਰਵਾਉਣਾ, ਜਪੁਜੀ ਸਾਹਿਬ ਜਬਾਨੀ ਯਾਦ ਕਰਾਉਣਾ ਆਦਿਕ । ਬੱਚਿਆਂ ਲਈ ਕੀਰਤਨ ਸਿਖਲਾਈ ਦੇ

ਪ੍ਰਬੰਧ ਵੀ ਕੀਤੇ ਜਾਂਦੇ ਰਹੇ ਹਨ।

**ਬਾਲ ਗੁਰਮਤਿ ਪ੍ਰੀਖਿਆ :** ਸੰਸਥਾ ਨੇ ਲਗਾਤਾਰ ਤਿੰਨ ਸਾਲ ੨੦੧੫, ੨੦੧੬ ਅਤੇ ੨੦੧੭ ਵਿੱਚ ਗੁਰਮਤਿ ਪ੍ਰੀਖਿਆ ਦਾ ਪ੍ਰਬੰਧ ਕੀਤਾ। ਸੰਸਥਾ ਦੇ ਸੁਲਝੇ ਹੋਏ ਗੁਰਸਿੱਖਾਂ ਦੀ ਕਮੇਟੀ ਬਣਾਈ ਗਈ ਜਿਸ ਨੇ ਵਿਦਿਆਰਥੀਆਂ ਦੇ ਤਿੰਨ ਗਰੁੱਪ ਬਣਾਏ ਜਿਵੇਂ ਪੰਜਵੀਂ ਛੇਵੀਂ ਜਮਾਤ ਦਾ ਪਹਿਲਾ ਗਰੁੱਪ, ਸਤਵੀ ਤੋਂ ਦਸਵੀਂ ਤੱਕ ਦੂਜਾ ਗਰੁੱਪ ਅਤੇ ਗਿਆਰਵੀਂ ਬਾਰਵੀਂ ਤੱਕ ਦਾ ਤੀਜਾ ਗਰੁੱਪ। ਗੁਰਮਤਿ ਪ੍ਰੀਖਿਆ ਲਈ ਤਿੰਨਾਂ ਗਰੁਪਾਂ ਦਾ ਅਲੱਗ ਅਲੱਗ ਸਿਲੇਬਸ ਤਿਆਰ ਕੀਤਾ। ਇਸ ਸਿਲੇਬਸ ਅਨੁਸਾਰ ਤਿੰਨ ਅਲੱਗ ਅਲੱਗ ਪੁਸਤਕਾਂ ਤਿਆਰ ਕੀਤੀਆਂ, ਜੋ ਪ੍ਰੀਖਿਆ ਲਈ ਅਰਜ਼ੀ ਦੇਣ ਵਾਲੇ ਵਿਦਿਆਰਥੀਆਂ ਨੂੰ ਬਿਨਾ ਕਿਸੇ ਭੇਟਾ ਦੇ ਦਿੱਤੀਆਂ ਗਈਆਂ। ਇਸ ਤਰ੍ਹਾਂ ਤਿੰਨ ਸਾਲਾਂ ਵਿੱਚ ਅਲੱਗ-੨ ਸਕੂਲਾਂ ਦੇ ੧੦,੦੦੦ ਤੋਂ ਵੱਧ ਵਿਦਿਆਰਥੀਆਂ ਨੇ ਹਿੱਸਾ ਲਿਆ। ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਉਣ ਵਾਲੇ ਬੱਚਿਆਂ ਨੂੰ ਇਨਾਮ ਵਜੋਂ ਧਾਰਮਿਕ ਕਿਤਾਬਾਂ ਅਤੇ ਮਾਇਕ ਇਨਾਮ ਵੀ ਦਿੱਤੇ ਗਏ। ੩੩% ਅੰਕ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਪ੍ਰਮਾਣ ਪੱਤਰ ਦਿੱਤੇ ਗਏ। ਸੰਸਥਾ ਦਾ ਇਹ ਕੰਮ ਵਿਦਿਆਰਥੀਆਂ ਦੇ ਮਾਪਿਆਂ ਅਤੇ ਸੰਗਤ ਵਲੋਂ ਬਹੁਤ ਸਲਾਹਿਆ ਗਿਆ।

**ਪਾਠ-ਬੋਧ ਅਤੇ ਪਾਠ-ਸੰਥਿਆ** : ਸੰਸਥਾ ਦੇ ਮੁੱਖੀ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ ਦੀ ਰਹਿਨੁਮਾਈ ਹੇਠ, ਸੰਸਥਾ ਦੇ ਭਵਨ ਵਿੱਚ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਪਾਠ- ਬੋਧ ਸਮਾਗਮ ਕਰਵਾਏ ਗਏ। ਇਸ ਵਿੱਚ ਸ.ਨਰਿੰਦਰ ਬੀਰ ਸਿੰਘ ਅਤੇ ਭਾਈ ਸਾਹਿਬ ਸਿੰਘ ਮਾਰਕੰਡਾ ਵਾਲੇ ਅਤੇ ਹੋਰ ਗੁਰਸਿੱਖਾਂ ਨੇ ਆ ਕੇ ਸੰਗਤਾਂ ਨੂੰ ਪਾਠ-ਬੋਧ ਸਮਾਗਮ ਵਿੱਚ ਸ਼ੁੱਧ ਪਾਠ ਅਰਥਾਂ ਸਮੇਤ ਕਰਨ ਦੀ ਸੰਥਿਆ ਦਿੱਤੀ। ਜਿਸ ਵਿੱਚ ਲਗਪਗ ਇੱਕ ਸੌ ਸੰਗਤਾਂ ਨੇ ਪੋਥੀ ਰਾਹੀਂ ਪਾਠ ਸਰਵਣ ਕਰਕੇ ਸਿੱਖਿਆ ਲਈ ਅਤੇ ਅਨੰਦ ਮਾਣਿਆ।

**ਗੁਰਮਤਿ ਸੈਮੀਨਾਰ** : ਸੰਸਥਾ ਦੇ ਭਵਨ ਵਿੱਚ ਵੱਖ ਵੱਖ ਵਿਸ਼ਿਆ ਤੇ ਸੈਮੀਨਾਰ ਕਰਵਾਏ ਜਾਂਦੇ ਹਨ। ਜੋ ਸੈਮੀਨਾਰ ਹੋਏ ਉਨ੍ਹਾਂ ਦੇ ਵਿਸ਼ੇ ਪੰਜ-ਖੰਡ, ਭਗਤਾਂ ਦੇ ਜੀਵਨ ਅਤੇ ਬਾਣੀ, ਸੇਵਾ ਦਾ ਸੰਕਲਪ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਵੱਖ ਵੱਖ ਪੱਖ ਸਨ। ਹੋਰ ਅਨੇਕ ਗੁਰਬਾਣੀ ਤੇ ਅਧਾਰਿਤ ਵਿਸ਼ਿਆਂ ਤੇ ਅਲੱਗ-ਅਲੱਗ ਵਿਦਿਵਾਨਾਂ ਨੂੰ ਬੁਲਾ ਕੇ ਸੈਮੀਨਾਰ ਕੀਤੇ ਗਏ।

**ਕੀਰਤਨ ਅਤੇ ਗੁਰਬਾਣੀ ਪਾਠ ਮੁਕਾਬਲਾ** : ਡਾ.ਪਰਮਜੀਤ ਸਿੰਘ ਜੀ ਦੁਆਰਾ, ਸੰਸਥਾ ਦੇ ਮੁੱਖੀ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਦੀ ਰਹਿਨੁਮਾਈ ਹੇਠ, ਸ੍ਰੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਚੰਡੀਗੜ੍ਹ ਵਿੰਗ ਦੇ ਸਹਿਯੋਗ ਨਾਲ ਸੰਸਥਾ ਦੇ ਭਵਨ ਵਿੱਚ, ਚੰਡੀਗੜ੍ਹ ਅਤੇ ਮੋਹਾਲੀ ਦੇ ਸਕੂਲਾਂ ਦੇ ਵਿਦਿਆਰਥੀਆਂ ਲਈ ਕੀਰਤਨ ਅਤੇ ਸ਼ੁੱਧ ਬਾਣੀ ਪਾਠ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਇਨਾਮ ਵੀ ਵੰਡੇ ਗਏ।

**ਨਿਰੋਗੀ ਕਾਇਆਂ :** ਡਾ: ਹਰਬੰਸ ਸਿੰਘ ਜੀ ਨੇ ਸਿਹਤ ਸੰਭਾਲ਼ ਤੇ ਚਾਰ ਪੁਸਤਕਾਂ ਲਿਖ ਕੇ ਸੰਸਥਾ ਰਾਹੀ ਸੰਗਤਾਂ ਤੱਕ ਪਹੁੰਚਾਈਆਂ ਹਨ। ਆਪ ਜੀ ਦੇ ਜੜੀ ਬੂਟੀਆਂ ਦੁਆਰਾ ਘਰੇਲੂ ਇਲਾਜ ਬਾਰੇ ਲੇਖ ਪੱਤ੍ਰਿਕਾ ਵਿੱਚ ਬਹੁਤ ਲੰਮੇ ਸਮੇ ਤੱਕ ਛਪਦੇ ਰਹੇ, ਜੋ ਪਾਠਕਾਂ ਦੁਆਰਾ ਬਹੁਤ ਪਸੰਦ ਕੀਤੇ ਜਾਂਦੇ ਸਨ। ਡਾਕਟਰ ਸਾਹਿਬ ਦੇ ਪ੍ਰਲੋਕ ਗਮਨ ਤੋਂ ਬਾਅਦ ਹੁਣ ਵੈਦਰਾਜ ਸ. ਸੁਰਿੰਦਰ ਸਿੰਘ ਸਿਹਤ ਸੰਭਾਲ ਸਬੰਧੀ ਆਪਣੇ ਲੇਖ ਪੱਤ੍ਰਿਕਾ ਵਿੱਚ ਦੇ ਕੇ ਪਾਠਕਾਂ ਦੀ ਜਾਣਕਾਰੀ ਲਈ ਸਮਰਪਿਤ ਹਨ।

ਸਮੇਂ ਸਮੇ ਖਾਸ ਕਰ ਸੰਸਥਾ ਦੁਆਰਾ ਆਯੋਜਿਤ ਸਮਾਗਮਾਂ ਦੌਰਾਨ ਹੋਮਿਓਪੈਥਿਕ ਡਾਕਟਰ ਸੰਗਤਾਂ ਨੂੰ ਮੁਫ਼ਤ ਦੁਆਈਆਂ ਦੇ ਕੇ ਲੋਕ ਭਲਾਈ ਅਤੇ ਸਿਹਤ ਸੰਭਾਲ ਦੇ ਕਾਰਜ ਕਰਦੇ ਹਨ।

**ਗਰੀਬ ਪਰਿਵਾਰਾਂ ਦੇ ਬੱਚਿਆਂ ਲਈ ਮਾਇਕ ਸਹਾਇਤਾ (ਵਜੀਫੇ):** ਗਰੀਬ/ ਕਮਜ਼ੋਰ ਵਿਦਿਆਰਥੀਆਂ ਲਈ ਵਜੀਫੇ ਦਾ ਪ੍ਰਬੰਧ ਕੀਤਾ ਗਿਆ ਹੈ। ਪਰਿਵਾਰ ਦੀ ਮਾਇਕ ਹਾਲਤ ਦੀ ਪੂਰੀ ਜਾਣਕਾਰੀ ਪਤਾ ਕਰਕੇ ਲੋੜਵੰਦ ਵਿਦਿਆਰਥੀਆਂ ਦੀਆਂ ਸਕੂਲ ਦੀਆਂ ਫੀਸਾਂ, ਕਿਤਾਬਾਂ, ਸਕੂਲ ਦੀ ਵਰਦੀ ਅਤੇ ਹੋਰ ਜ਼ਰੂਰੀ ਖਰਚੇ ਦੀ ਜਾਣਕਾਰੀ ਲੈਣ ਦੇ ਬਾਅਦ ਉਨ੍ਹਾਂ ਦੀ ਮਾਇਕ ਸਹਾਇਤਾ ਮਨਜ਼ੂਰ ਕੀਤੀ ਜਾਂਦੀ ਹੈ। ਇਹ ਸਹਾਇਤਾ ਇਸ ਵੇਲੇ ਸੰਸਥਾ ਵੱਲੋਂ ਸ. ਹਰੀ ਸਿੰਘ ਜੀ ਕੁਵੈਤ ਵਾਲੇ ਦੇ ਵਿਸ਼ੇਸ਼ ਉਪਰਾਲੇ ਅਤੇ ਮਾਇਕ ਸਹਿਯੋਗ ਨਾਲ ਚੱਲ ਰਹੀ ਹੈ।